**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ/2012/77200-77221
ਮਿਤੀ ਚੰਡੀਗੜ੍ਹ 04.04.2012

**ਵਿਸ਼ਾ : ਪੜ੍ਹੋ ਪੰਜਾਬ ਪ੍ਰੋਜੈਕਟ ਤਹਿਤ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਅਪ੍ਰੈਲ ਅਤੇ ਮਈ ਮਹੀਨੇ ਵਿੱਚ ਰੈਮੀਡੀਅਲ ਕੋਚਿੰਗ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਪੜ੍ਹੋ ਪੰਜਾਬ ਪ੍ਰੋਜੈਕਟ ਜੋ ਕਿ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਸਿੱਖਿਆ ਅੰਦਰ ਗੁਣਵੱਤਾ ਦੇ ਸੁਧਾਰ ਪੱਖੋਂ ਚਲਾਇਆ ਜਾ ਰਿਹਾ ਹੈ। ਸਾਲ 2012-13 ਲਈ ਅਪ੍ਰੈਲ ਅਤੇ ਮਈ ਦੇ ਦੋ ਮਹੀਨੇ ਰੈਮੀਡੀਅਲ ਕੋਚਿੰਗ ਦੇ ਮਹੀਨੇ ਰੱਖੇ ਗਏ ਹਨ। ਜਿਸ ਦੌਰਾਨ ਪੂਰੇ ਸਕੂਲ ਦੇ ਟੀਚਿਆਂ ਤੋਂ ਪਿੱਛੇ ਰਹਿ ਗਏ ਬੱਚਿਆਂ ਤੇ ਵਿਸ਼ੇਸ਼ ਫੋਕਸ ਕੀਤਾ ਜਾਵੇਗਾ।

3.0 ਇਹ ਸਮਾਂ ਚੌਥੀ ਅਤੇ ਪੰਜਵੀਂ ਲਈ ਸਭ ਤੋਂ ਮਹੱਤਵਪੂਰਨ ਤੇ ਫੈਸਲਾਕੁਨ ਸਮਾਂ ਹੈ ਕਿਉਂਕਿ ਇਸ ਵਾਰੀ ਚੌਥੀ ਅਤੇ ਪੰਜਵੀਂ ਨੂੰ ਪੂਰਨ ਰੂਪ ਵਿਚ ਪਾਠਕ੍ਰਮ ਨਾਲ ਜੋੜਿਆ ਜਾ ਰਿਹਾ ਹੈ। ਪਾਠਕ੍ਰਮ ਨਾਲ ਜੋੜਨ ਤੋ ਪਹਿਲਾਂ ਇਹ ਜਰੂਰੀ ਹੈ ਕਿ ਚੌਥੀ ਪੰਜਵੀ ਦਾ ਹਰੇਕ ਬੱਚਾ (ਕਹਾਣੀ+ ਭਾਗ) ਦਾ ਟੀਚਾ ਪੂਰਾ ਕਰਦਾ ਹੋਵੇ ਤੇ ਇਹੀ ਰੈਮੀਡੀਅਲ ਕੋਚਿੰਗ ਦਾ ਮੁੱਖ ਉਦੇਸ਼ ਹੈ।

4.0 **ਵਿਸ਼ੇਸ ਧਿਆਨਯੋਗ ਗੱਲਾਂ:-**

(ੳ) ਇਸ ਸਮੇਂ ਦੌਰਾਨ ਮਹਿਲ ਵੰਡ ਪਿਛਲੇ ਸੈਸ਼ਨ ਵਾਲੀ ਹੋਵੇਗੀ।

(ਅ) ਟੀਚੇ ਵੀ ਪਿਛਲੇ ਸੈਸ਼ਨ ਵਾਲੇ ਹੀ ਹੋਣਗੇ।

(ੲ) ਟੀਚਾ ਪ੍ਰਾਪਤ ਕਰ ਚੁੱਕੇ ਬੱਚਿਆਂ ਨੂੰ ਉੱਥੇ ਹੀ ਰੱਖ ਕੇ ਉਹਨਾਂ ਦੇ ਪੜ੍ਹਨ-ਲਿਖਣ ਵਿੱਚ ਵਧੇਰੇ ਪਰਪੱਕਤਾ ਲਿਆਂਦੀ ਜਾਵੇਗੀ।

(ਸ) ਟੀਚੇ ਤੋਂ ਪਿੱਛੇ ਰਹੇ ਬੱਚੇ ਨੂੰ ਹਰ ਹਾਲਤ ਵਿਚ ਟੀਚੇ ਤੇ ਲੈ ਕੇ ਜਾਇਆ ਜਾਵੇਗਾ।

(ਹ) ਹਰ ਮਹਿਲ ਵਿਚ ਸਕੂਲਾਂ ਅੰਦਰ ਪਹਿਲਾਂ ਹੀ ਉਪਲਬਧ ਸਾਰੀ ਸਮੱਗਰੀ ਵਰਤੀ ਜਾਣੀ ਹੈ।

(ਕ) ਨਵੀ ਬਣੀ ਚੌਥੀ ਅਤੇ ਪੰਜਵੀਂ ਜਮਾਤ ਨੂੰ ਕਹਾਣੀ+ ਭਾਗ ਵਾਲੀਆਂ ਸਾਰੀਆਂ ਕਿਰਿਆਵਾਂ ਕਰਵਾਈਆਂ ਜਾਣਗੀਆਂ।

**ਚੱਲਦਾ ਪੰਨਾ ਨੰ. 02**

5.0 **ਕੀਤੀਆਂ ਜਾਣ ਵਾਲੀਆਂ ਕਿਰਿਆਵਾਂ:-** ਕਹਾਣੀ ਦਾ ਟੀਚਾ ਪ੍ਰਾਪਤ ਕਰ ਚੁੱਕੇ ਬੱਚਿਆਂ ਨੂੰ ਹੇਠ ਲਿਖੀਆਂ ਕਿਰਿਆਵਾਂ ਕਰਵਾਉਣੀਆਂ ਹਨ:-

- ਲਿਖਾਈ ਸੁਧਾਰਨ ਲਈ ਹਰ ਰੋਜ਼ ਸੁਲੇਖ ਲਿਖਵਾਉਣੇ।
- ਡਿਕਟੇਟ ਕਰਕੇ ਵਾਕ ਲਿਖਵਾਉਣੇ।
- ਰੀਡਿੰਗ ਸੈੱਲ ਦੀਆਂ ਕਿਤਾਬਾਂ ਨਾਲ ਜੋੜਨਾ।
- ਅੰਬਰ ਵੱਲ ਪਰਵਾਜ ਜਾਂ ਕੋਈ ਹੋਰ ਮੈਗਜ਼ੀਨ, ਅਖਬਾਰ ਪੜ੍ਹਨ ਲਈ ਦੇਣਾ।
- ਸੋਚੋ ਬੋਲੋ ਅਤੇ ਲਿਖੋ 'ਤੇ ਵਿਸ਼ੇਸ਼ ਜੋਰ ਦੇਣਾ।
- ਲਿਖਾਈ ਅਤੇ ਪੜ੍ਹਾਈ ਦਾ ਅਭਿਆਸ ਕਰਵਾਉਣਾ।

6.0 ਪਹਿਲੀ ਜਮਾਤ ਨੂੰ ਅਪ੍ਰੈਲ ਅਤੇ ਮਈ ਮਹੀਨੇ ਦੌਰਾਨ ਅੰਗਰੇਜ਼ੀ ਵਿੱਚ ਸੈਲਫ਼ ਇੰਟਰੋਡਕਸ਼ਨ, ਦੋ ਰਾਇਮਜ਼, ਸਰੀਰ ਦੇ ਅੰਗ ਆਦਿ ਕਿਰਿਆਵਾਂ ਜ਼ਰੂਰ ਕਰਵਾਈਆਂ ਜਾਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿੱਠ ਅੰਕਣ ਨੰ: ਉਕਤ** 77222 **ਮਿਤੀ** 04.04.2012

ਉਤਾਰਾ: (1) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।

(2) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**